**ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਐਸਿ) ਪੰਜਾਬ, ਚੰਡੀਗੜ੍ਹ**

**( ਅਮਲਾ-1 ਸ਼ਾਖਾ )**

ਹੁਕਮ ਨੰ:- 10/14-2018-ਅਮਲਾ-1(1)

ਮਿਤੀ ਚੰਡੀਗੜ੍ਹ : 07/11/2017

ਸ੍ਰੀਮਤੀ ਬ੍ਰਹਮ ਕੁਮਾਰੀ, ਰਿਟਾਇਰਡ ਟੀਚਰ ਸ:ਐ:ਸ: ਹਾਜੀਪੁਰ-2, ਬਲਾਕ ਹਾਜੀਪੁਰ ਜਿਲ੍ਹਾ ਹੁਸ਼ਿਆਰਪੁਰ ਪੰਜਾਬ ਸਿਵਲ ਸਰਵਿਸਿਜ਼ ਮੈਡੀਕਲ ਰੂਲਜ਼ ਦੀ ਧਾਰਾ 2.3 ਅਧੀਨ 88, 754/- ਰੁਪਏ ( ਕੇਵਲ ਅਠਾਸੀ ਹਜਾਰ ਸੱਤ ਸੌ ਚੁਰੰਜਾ ਰੁਪਏ) ਜਿਹੜੇ ਕਿ ਉਸਨੇ ਆਪਣੇ ਖੁਦ ਦੀ ਕਰਾਨਿਕ ਨਾਨ ਕਰਾਨਿਕ ਬਿਮਾਰੀ ਦੇ ਇਲਾਜ ਸ਼੍ਰੀ ਨਾਥ ਕਿਡਨੀ ਸੈਂਟਰ, ਜਲੰਧਰ ਵਿਖੇ ਮਿਤੀ 05/01/2017 ਤੋਂ 12/01/2017 ਤੱਕ ਇੰਨਡੋਰ ਇਲਾਜ ਕਾਰਨ ਖਰਚ ਕੀਤੇ ਹਨ, ਕਲੇਮ ਕਰਤਾ ਦੀ ਮਿਤੀ 06/02/2017 ਨੂੰ ਮੌਤ ਹੋ ਚੁੱਕੀ ਹੈ। ਇਹ ਕਲੇਮ ਉਸ ਦੇ ਪੁੱਤਰ ਸ਼੍ਰੀ ਸੁਦੇਸ਼ ਵਿਕਾਸ ਵਲੋਂ ਵਿਭਾਗ ਨੂੰ ਪੇਸ਼ ਕੀਤਾ ਗਿਆ ਹੈ ਅਤੇ ਘੋਸ਼ਣਾ ਪੱਤਰ ਅਨੁਸਾਰ ਸਪੱਸ਼ਟ ਕੀਤਾ ਗਿਆ ਹੈ ਕਿ ਉਹ ਆਪਣੇ ਮਾਤਾ/ਪਿਤਾ ਦੀ ਇੱਕਲੌਤਾ ਪੁੱਤਰ ਹੈ। ਇਸ ਲਈ ਇਸ ਕਲੇਮ ਦੀ ਅਦਾਇਗੀ ਸ਼੍ਰੀ ਸੁਦੇਸ਼ ਵਿਕਾਸ ਨੂੰ ਕਰਨ ਦੀ ਮੰਨਜੂਰੀ ਹੇਠ ਲਿਖੀਆਂ ਸ਼ਰਤਾਂ ਤੇ ਦਿੱਤੀ ਜਾਂਦੀ ਹੈ:-

1. ਇਸ ਬਿਲ ਦੀ ਸਚਾਈ ਮੰਨਣ ਯੋਗਤਾ ਅਤੇ ਉਚਿਚਤਾ ਬਾਰੇ ਜਿਲ੍ਹਾ ਸਿੱਖਿਆ ਅਫਸਰ (ਐਸਿ) ਆਪਣੇ ਪੱਧਰ ਤੇ ਯਕੀਨੀ ਬਣਾਉਣਗੇ।
2. ਸਰਕਾਰੀ ਕਰਮਚਾਰੀਆਂ/ ਪੈਨਸ਼ਨਰਾਂ ਨੂੰ ਮੈਡੀਕਲ ਬਿਲਾਂ ਤੇ ਪ੍ਰਤੀਪੂਰਤੀ ਸਬੰਧੀ ਰਾਜ ਸਰਕਾਰ ਵੱਲੋਂ ਸਮੇਂ ਸਮੇਂ ਸਿਰ ਜਾਰੀ ਕੀਤੀਆਂ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਕੀਤੀ ਜਾਵੇਗੀ।
3. ਇਸ ਸਬੰਧੀ ਆਉਣ ਵਾਲਾ ਖਰਚ ਚਾਲੂ ਮਾਲੀ ਸਾਲ ਦੌਰਾਨ ਸਬੰਧਤ ਸਕੀਮ ਵਿੱਚ ਹੇਠ ਲਿਖੀਆਂ ਮੱਦ ਵਿੱਚੋਂ ਪੂਰਾ ਕੀਤਾ ਜਾਵੇਗਾ।

   ਲੇਖਾ ਮੱਦ 2235 ਸੋਸ਼ਲ ਸਕਿਓਰਟੀ ਐਂਡ ਵੈਲਫੇਅਰ-02-ਸੋਸ਼ਲ ਸਕਿਓਰਟੀ-200-ਅਦਰ ਪ੍ਰੋਗਰਾਮ-03 ਚਾਰਜਿਸ ਟੂ ਗੋਰਮਿੰਟ ਪੈਨਸ਼ਨਰਜ਼ ਨਾਨ ਪਲਾਨ 2019-20 ਅਧੀਨ ਹੋਵੇਗਾ।
4. ਕਿਸੇ ਵੀ ਸੂਰਤ ਵਿੱਚ ਬਿਲ ਦਾ ਸਮੇਂ ਸਿਰ ਪ੍ਰਾਪਤ ਹੋਣਾ ਅਤੇ ਪ੍ਰਤੀ ਪੂਰਤੀ ਦੀ ਅਦਾਇਗੀ ਕਰਨੀ ਜਿਲ੍ਹਾ ਸਿੱਖਿਆ ਅਫਸਰ (ਐਸਿ) ਆਪਣੇ ਪੱਧਰ ਤੇ ਜਿੰਮੇਵਾਰ ਹੋਣਗੇ।
5. ਇਹ ਯਕੀਨੀ ਬਣਾਇਆ ਜਾਵੇ ਕਿ ਬਿਲ ਦੀ ਦੂਹਰੀ ਅਦਾਇਗੀ ਨਾ ਹੋਵੇ।
6. ਇਹ ਵੀ ਚੈੱਕ ਕੀਤਾ ਜਾਵੇ ਕਿ ਬਿਲ ਟਾਈਮ ਬਾਰਡ ਤਾਂ ਨਹੀਂ।
7. ਇਹ ਵੀ ਯਕੀਨੀ ਬਣਾਇਆ ਜਾਵੇ ਕਿ ਪਰਿਵਾਰ ਦੇ ਮੈਬਰਾਂ ਦੀ ਨਿਰਭਰਤਾ ਸਬੰਧੀ ਲੋੜੀਂਦੇ ਇੰਦਰਾਜ਼ ਲਾਜ਼ਮੀ ਸਰਟੀਫਿਕੇਟਾਂ ਤੇ ਦਰਜ ਕਰ ਲਏ ਹਨ।
8. ਜੇਕਰ ਕਿਸੇ ਸਟੇਜ ਤੇ ਮੈਡੀਕਲ ਕਲੇਮ ਜਾਅਲੀ ਪਾਇਆ ਗਿਆ ਤਾਂ ਕਲੇਮ ਕਰਤਾ ਵਿਭਾਗ/ਕਰੀਮੀਨਲ ਸਜਾ ਦਾ ਭਾਗੀਦਾਰ ਹੋਵੇਗਾ।
9. ਕਲੇਮ ਕਰਤਾ ਦੀਆਂ 02 ਭੈਣਾਂ ਸ਼੍ਰੀਮਤੀ ਸੰਗੀਤਾ ਰਾਣੀ ਅਤੇ ਸ਼੍ਰੀਮਤੀ ਅਰਪਣਾ ਚੌਧਰੀ ਦੱਸੀਆਂ ਗਈਆਂ ਹਨ। ਸਬੰਧਤ ਡੀ.ਡੀ.ਓ. ਇਸ ਕਲੇਮ ਦੀ ਅਦਾਇਗੀ ਕਰਨ ਤੋਂ ਪਹਿਲਾਂ ਕਲੇਮ ਕਰਤਾ ਦੀਆਂ ਭੈਣਾਂ ਤੋਂ ਹਲਫੀਆ ਬਿਆਨ/ਸਵੈ-ਘੋਸ਼ਣਾ ਪੱਤਰ ਪ੍ਰਾਪਤ ਕਰਨਗੇ ਕਿ ਜੇਕਰ ਉਹਨਾਂ ਦੇ ਮਾਤਾ ਜੀ ਦੇ ਇਲਾਜ ਸਬੰਧੀ ਮੈਡੀਕਲ ਕਲੇਮ ਦੀ ਅਦਾਇਗੀ ਉਹਨਾਂ ਦੇ ਭਰਾ ਨੂੰ ਕਰ ਦਿੱਤੀ ਜਾਂਦੀ ਹੈ ਤਾਂ ਉਹਨਾਂ ਨੂੰ ਇਸ ਸਬੰਧੀ ਕੋਈ ਇਤਰਾਜ ਨਹੀਂ ਹੋਵੇਗਾ ਅਤੇ ਉਹ ਭਵਿੱਖ ਵਿਚ ਕਲੇਮ ਨਹੀਂ ਕਰਨਗੀਆ। ਇਹ ਵੀ ਸਪੱਸ਼ਟ ਕੀਤਾ ਜਾਂਦਾ ਹੈ ਕਿ ਜੇਕਰ ਇਸ ਕਲੇਮ ਦੀ ਗਲਤ ਅਦਾਇਗੀ ਹੁੰਦੀ ਹੈ ਤਾਂ ਇਸ ਲਈ ਡੀ.ਡੀ.ਓ. ਨਿੱਜੀ ਤੌਰ ਤੇ ਜਿੰਮੇਵਾਰ ਹੋਵੇਗਾ।

**ਇੰਦਰਜੀਤ ਸਿੰਘ**
**ਡਾਇਰੈਕਟਰ ਸਿੱਖਿਆ ਵਿਭਾਗ (ਐ :ਸਿ: )**
**ਪੰਜਾਬ, ਚੰਡੀਗੜ੍ਹ।**

ਪਿੱਠ ਅੰਕਣ ਨੰ. ਉਕਤ 2055 ਮਿਤੀ ਚੰਡੀਗੜ੍ਹ : 08/11/19

ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1. ਬਲਾਕ ਪ੍ਰਾਇਮਰੀ ਸਿਖਿਆ ਅਫਸਰ, ਹਾਜੀਪੁਰ (ਹੁਸ਼ਿਆਰਪੁਰ) ਨੂੰ ਉਹਨਾਂ ਦੇ ਪੱਤਰ ਨੰ:-2019301479 ਮਿਤੀ 12/09/2019 ਦੇ ਹਵਾਲੇ ਵਿੱਚ ਕਲੇਮ ਸਮੇਤ ਪ੍ਰਾਪਤ ਹੋਏ ਸਹਿ ਪੱਤਰ ਅਸਲ ਰੂਪ ਵਿੱਚ ਵਾਪਸ ਕੀਤਾ ਜਾਂਦਾ ਹੈ।
2. ਮਹਾਂਲੇਖਾਕਾਰ ਪੰਜਾਬ, ਚੰਡੀਗੜ੍ਹ।
3. ਜਿਲ੍ਹਾ ਖਜਾਨਾ ਅਫਸਰ ਹੁਸ਼ਿਆਰਪੁਰ।
4. ਸੁਪਰਡੰਟ ਬਜਟ ਨੂੰ ਭੇਜ਼ ਕੇ ਲਿਖਿਆ ਜਾਂਦਾ ਹੈ ਕਿ ਲੋੜੀਂਦੇ ਫੰਡਜ਼ ਜਿਲ੍ਹਾ ਸਿੱਖਿਆ ਅਫਸਰ ਨੂੰ ਮੁਹੱਈਆ ਕਰਵਾਏ ਜਾਣ।
5. ਸਬੰਧਤ ਕਰਮਚਾਰੀ/ ਰਿਟਾਇਰੀ ।
6. ਐਮ.ਆਈ.ਐਸ ਵਿੰਗ ਦਫਤਰ ਸਰਵ ਸਿਖਿਆ ਅਭਿਆਨ ਅਥਾਰਟੀ,ਪੰਜਾਬ, ਮੋਹਾਲੀ ਨੂੰ ਵਿਭਾਗ ਦੀ ਸਾਈਟ ਤੇ ਪਾਉਣ ਲਈ ਭੇਜਿਆ ਜਾਂਦਾ ਹੈ।

ਸੁਪਰਡੰਟ (ਅਮਲਾ-1)